BRITISH COLUMBIA | Workers' Advisers

# ਤੱਥਸ਼ੀਟ

# ਵਰਕਰਜ਼ ਅਡਵਾਈਜ਼ਰਜ਼ ਆਫਿਸ (ਡਬਲਯੂ ਏ ਓ)

*ਇਹ ਤੱਥਸ਼ੀਟ ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਡਾਕੂਮੈਂਟ ਨਹੀਂ ਹੈ। ਕਾਨੂੰਨ ਦੇ ਅਰਥਾਂ ਅਤੇ ਵਰਤੋਂ ਦੇ ਮੰਤਵਾਂ ਲਈ ਕਿਰਪਾ ਕਰਕੇ ਵਰਕਰਜ਼ ਕੰਪਨਸੇਸ਼ਨ ਐਕਟ ਅਤੇ ਰੀਹੈਬਲੀਟੇਸ਼ਨ ਸਰਵਿਸਿਜ਼ ਐਂਡ ਕਲੇਮਜ਼ ਮੈਨੂਅਲ, ਵੌਲੀਊਮਜ਼ I ਅਤੇ II ਦੇਖੋ।*

ਸੋਧਿਆ: ਅਪਰੈਲ 2016

## ਵਰਕਸੇਫ ਬੀ ਸੀ ਦੇ ਫੈਸਲਿਆਂ ਦੇ ਰਿਵੀਊ

### ਆਮ ਜਾਣਕਾਰੀ

ਜੇ ਤੁਸੀਂ ਆਪਣੇ ਕਲੇਮ ਬਾਰੇ ਵਰਕਸੇਫ ਬੀ ਸੀ ਵਲੋਂ ਕੀਤੇ ਗਏ ਕਿਸੇ ਫੈਸਲੇ ਨਾਲ ਅਸਹਿਮਤ ਹੋਵੋ ਤਾਂ ਤੁਸੀਂ ਉਸ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ। ਵਰਕਰਜ਼ ਕੰਪਨਸੇਸ਼ਨ ਸਿਸਟਮ ਵਿਚ ਅਪੀਲ ਦੇ ਦੋ ਪੱਧਰ ਹਨ। ਬਹੁਤੇ ਮਾਮਲਿਆਂ ਲਈ, ਅਪੀਲ ਦਾ ਪਹਿਲਾ ਪੱਧਰ **ਰਿਵੀਊ ਡਿਵੀਜ਼ਨ** ਹੈ ਅਤੇ ਅਪੀਲ ਦਾ ਦੂਜਾ ਪੱਧਰ **ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ** (**ਡਬਲਯੂ ਸੀ ਏ ਟੀ**) ਹੈ। ਰਿਵੀਊ ਡਿਵੀਜ਼ਨ ਕੋਲ ਕੀਤੀ ਜਾਣ ਵਾਲੀ ਅਪੀਲ ਨੂੰ "ਰਿਵੀਊ" ਆਖਿਆ ਜਾਂਦਾ ਹੈ। ਡਬਲਯੂ ਸੀ ਏ ਟੀ ਕੋਲ ਕੀਤੀ ਜਾਣ ਵਾਲੀ ਅਪੀਲ ਨੂੰ "ਅਪੀਲ" ਆਖਿਆ ਜਾਂਦਾ ਹੈ।

ਇਸ ਆਮ ਕਾਰਵਾਈ ਵਿਚ ਕੁਝ ਛੋਟਾਂ ਵੀ ਹਨ। ਉਦਾਹਰਣ ਲਈ, ਵਿਤਕਰੇ ਨਾਲ ਸੰਬੰਧਿਤ ਸ਼ਿਕਾਇਤਾਂ ਬਾਰੇ ਫੈਸਲਿਆਂ ਦੀ ਅਪੀਲ ਰਿਵੀਊ ਡਿਵੀਜ਼ਨ ਕੋਲ ਨਹੀਂ ਕੀਤੀ ਜਾ ਸਕਦੀ, ਪਰ ਇਹ ਸਿੱਧੀ ਡਬਲਯੂ ਸੀ ਏ ਟੀ ਨੂੰ ਕੀਤੀ ਜਾਣੀ ਜ਼ਰੂਰੀ ਹੈ।



Worker Adviser



# ਵਰਕਸੇਫ ਬੀ ਸੀ ਦੇ ਮੁਆਵਜ਼ੇ ਨਾਲ ਸੰਬੰਧਿਤ ਫੈਸਲਿਆਂ ਦੇ ਰਿਵੀਊ

## ਰਿਵੀਊ ਡਿਵੀਜ਼ਨ ਕੀ ਹੈ?

ਰਿਵੀਊ ਡਿਵੀਜ਼ਨ ਵਰਕਸੇਫ ਬੀ ਸੀ ਦਾ ਹਿੱਸਾ ਹੈ, ਪਰ ਇਹ ਵਰਕਸੇਫ ਬੀ ਸੀ ਦੇ ਕਾਰਜਕਾਰੀ ਵਿਭਾਗਾਂ ਤੋਂ ਵੱਖਰਾ ਹੈ।

ਰਿਵੀਊ ਡਿਵੀਜ਼ਨ ਦਾ ਮੰਤਵ ਵਰਕਸੇਫ ਬੀ ਸੀ ਦੇ ਫੈਸਲਿਆਂ 'ਤੇ ਦੁਬਾਰਾ ਵਿਚਾਰ ਕਰਨਾ ਹੈ। ਰਿਵੀਊ ਡਿਵੀਜ਼ਨ ਸਿਰਫ ਅੱਗੇ ਦੱਸੀਆਂ ਹਾਲਤਾਂ ਵਿਚ ਹੀ ਵਰਕਸੇਫ ਬੀ ਸੀ ਦਾ ਫੈਸਲਾ ਬਦਲੇਗਾ:

- ਮੁਢਲਾ ਫੈਸਲਾ ਕਾਨੂੰਨ ਅਤੇ ਵਰਕਸੇਫ ਬੀ ਸੀ ਦੀਆਂ ਪਾਲਸੀਆਂ ਦੇ ਉਲਟ ਹੈ;
- ਸਬੂਤਾਂ ਨੂੰ ਸਹੀ ਤਰ੍ਹਾਂ ਪਰਖਿਆ ਨਹੀਂ ਗਿਆ; ਜਾਂ,
- ਮਹੱਤਵਪੂਰਨ ਨਵੇਂ ਸਬੂਤ ਮਿਲੇ ਹਨ ਜਿਹੜੇ ਮੁਢਲੇ ਫੈਸਲੇ ਵਿਚ ਤਬਦੀਲੀ ਦੀ ਹਿਮਾਇਤ ਕਰਦੇ ਹਨ।

ਰਿਵੀਊ ਡਿਵੀਜ਼ਨ ਦੇ ਫੈਸਲੇ ਰਿਵੀਊ ਅਫਸਰਾਂ ਵਲੋਂ ਕੀਤੇ ਜਾਂਦੇ ਹਨ।

## ਕੀ ਮੈਂ ਆਪਣੇ ਕਲੇਮ ਬਾਰੇ ਕਿਸੇ ਵੀ ਫੈਸਲੇ ਦਾ ਰਿਵੀਊ ਕਰਵਾਉਣ ਲਈ ਬੇਨਤੀ ਕਰ ਸਕਦਾ/ਸਕਦੀ ਹਾਂ?

ਤੁਸੀਂ ਮੁਆਵਜ਼ੇ ਜਾਂ ਰੀਹੈਬਲੀਟੇਸ਼ਨ ਬੈਨੇਫਿਟਸ ਬਾਰੇ ਵਰਕਸੇਫ ਬੀ ਸੀ ਦੇ ਕਿਸੇ ਵੀ ਫੈਸਲੇ ਦੇ ਰਿਵੀਊ ਲਈ ਬੇਨਤੀ ਕਰ ਸਕਦੇ ਹੋ ਪਰ ਇਸ ਵਿਚ ਉਹ ਫੈਸਲੇ ਸ਼ਾਮਲ ਨਹੀਂ ਹਨ ਜਿਹੜੇ ਬੈਨੇਫਿਟਸ ਲਈ ਤੁਹਾਡੇ ਕਲੇਮ ਦੇ ਦੁਬਾਰਾ ਖੋਲ੍ਹਣ ਬਾਰੇ ਹਨ ਜੇ ਦੁਬਾਰਾ ਖੋਲ੍ਹਣ ਲਈ ਰਸਮੀ ਬੇਨਤੀ ਕੀਤੀ ਗਈ ਸੀ। ਰਿਵੀਊ ਦੀ ਬੇਨਤੀ ਕਰਨ ਲਈ 90 ਦਿਨਾਂ ਦੇ ਸਮੇਂ ਦੀ ਹੱਦ ਹੈ।

ਜੇ ਤੁਸੀਂ ਦੁਬਾਰਾ ਖੋਲ੍ਹਣ ਦੇ ਕਿਸੇ ਫੈਸਲੇ ਨਾਲ ਸਹਿਮਤ ਨਾ ਹੋਵੋ ਜਿਸ ਲਈ ਤੁਸੀਂ ਰਸਮੀ ਤੌਰ 'ਤੇ ਅਪਲਾਈ ਕੀਤਾ ਸੀ ਤਾਂ ਤੁਹਾਨੂੰ ਫੈਸਲੇ ਬਾਰੇ ਸਿੱਧਾ ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਕੋਲ ਅਪੀਲ ਕਰਨ ਦਾ ਹੱਕ ਹੈ। ਤੁਹਾਡੇ ਕੋਲ ਰਿਵੀਊ ਡਿਵੀਜ਼ਨ ਕੋਲ ਜਾਏ ਬਿਨਾਂ, ਆਪਣੇ ਵਿਰੁੱਧ ਕੀਤੇ ਗਏ ਫੈਸਲਿਆਂ ਅਤੇ ਵਿਤਕਰੇ ਵਾਲੇ ਐਕਸ਼ਨਾਂ ਵਾਲੇ ਆਰਡਰਾਂ ਦੇ ਸੰਬੰਧ ਵਿਚ ਡਬਲਯੂ ਸੀ ਏ ਟੀ ਕੋਲ ਅਪੀਲ ਕਰਨ ਦਾ ਵੀ ਹੱਕ ਹੈ। ਕਿਸੇ ਫੈਸਲੇ ਨੂੰ ਦੁਬਾਰਾ ਖੋਲ੍ਹਣ ਦੀ ਡਬਲਯੂ ਸੀ ਏ ਟੀ ਨੂੰ ਸਿੱਧੀ ਅਪੀਲ ਕਰਨ ਲਈ ਸਮੇਂ ਦੀ ਹੱਦ 90 ਦਿਨ ਹੈ। ਤੱਥਸ਼ੀਟ *ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਨੂੰ ਅਪੀਲਾਂ* ਦੇਖੋ।

ਤੱਥਸ਼ੀਟ

# ਵਰਕਸੇਫ ਬੀ ਸੀ ਦੇ ਮੁਆਵਜ਼ੇ ਨਾਲ ਸੰਬੰਧਿਤ ਫੈਸਲਿਆਂ ਦੇ ਰਿਵੀਊ

## ਜੇ ਮੇਰਾ ਕੰਮ-ਮਾਲਕ ਰਿਵੀਊ ਦੀ ਮੰਗ ਕਰੇ ਤਾਂ ਕੀ ਹੋਵੇਗਾ?

ਜੇ ਰਿਵੀਊ ਤੁਹਾਡੇ ਵਰਕਸੇਫ ਬੀ ਸੀ ਦੇ ਭੱਤਿਆਂ 'ਤੇ ਅਸਰ ਪਾ ਸਕਦਾ ਹੋਵੇ ਤਾਂ ਤੁਹਾਨੂੰ ਹਿੱਸਾ ਲੈਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਰਿਵੀਊ ਵਿਚ ਹਿੱਸਾ ਲੈਣ ਲਈ ਤੁਹਾਡੇ ਲਈ ਭਰਿਆ ਹੋਇਆ ਨੋਟਿਸ ਔਫ ਪਾਰਟੀਸੀਪੇਸ਼ਨ ਫਾਰਮ (ਹਿੱਸਾ ਲੈਣ ਦੇ ਨੋਟਿਸ ਵਾਲਾ ਫਾਰਮ) ਰਿਵੀਊ ਡਿਵੀਜ਼ਨ ਨੂੰ ਭੇਜਣਾ ਜ਼ਰੂਰੀ ਹੈ।

## ਕਿਹੜੇ ਫੈਸਲਿਆਂ ਦਾ ਰਿਵੀਊ ਹੋ ਸਕਦਾ ਹੈ?

ਤੁਸੀਂ ਵਰਕਸੇਫ ਬੀ ਸੀ ਵਲੋਂ ਕੀਤੇ ਗਏ ਬਹੁਤੇ ਫੈਸਿਲਆਂ ਦਾ ਰਿਵੀਊ ਕਰਨ ਲਈ ਕਹਿ ਸਕਦੇ ਹੋ, ਜਿਨ੍ਹਾਂ ਵਿਚ ਇਹ ਵੀ ਸ਼ਾਮਲ ਹਨ:

- ਕੀ ਮੁਆਵਜ਼ੇ ਲਈ ਤੁਹਾਡੇ ਕਲੇਮ ਨੂੰ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ;
- ਮੁਆਵਜ਼ੇ ਦੇ ਭੱਤਿਆਂ ਦੀ ਹੱਦ ਜਿਸ ਤੱਕ ਤੁਸੀਂ ਹੱਕਦਾਰ ਹੋ (ਵੋਕੇਸ਼ਨਲ ਰੀਹੈਬਲੀਟੇਸ਼ਨ ਅਤੇ ਡਾਕਟਰੀ ਸਹਾਇਤਾ ਦੇ ਸਮੇਤ); ਅਤੇ
- ਕੀ ਕਲੇਮ ਦੁਬਾਰਾ ਖੋਲ੍ਹਿਆ ਜਾਣਾ ਚਾਹੀਦਾ ਹੈ (ਜੇ ਕਲੇਮ ਦੁਬਾਰਾ ਖੋਲ੍ਹਣ ਲਈ ਤੁਸੀਂ ਰਸਮੀ ਤਰੀਕੇ ਨਾਲ ਅਪਲਾਈ ਨਹੀਂ ਕੀਤਾ)।

ਵਰਕਸੇਫ ਬੀ ਸੀ ਦੇ ਕੁਝ ਫੈਸਲਿਆਂ ਦਾ ਰਿਵੀਊ ਨਹੀਂ ਹੋ ਸਕਦਾ ਅਤੇ ਇਨ੍ਹਾਂ ਦੀ ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ, ਜਿਸ ਨੂੰ "ਡਬਲਯੂ ਸੀ ਏ ਟੀ" ਕਿਹਾ ਜਾਂਦਾ ਹੈ, ਕੋਲ ਸਿੱਧੀ ਅਪੀਲ ਕੀਤੀ ਜਾਣੀ ਜ਼ਰੂਰੀ ਹੈ। ਇਨ੍ਹਾਂ ਵਿਚ ਸ਼ਾਮਲ ਹਨ:

- ਵਿਤਕਰੇ ਸੰਬੰਧੀ ਸ਼ਿਕਾਇਤਾਂ ਬਾਰੇ ਫੈਸਲੇ; ਜਾਂ
- ਇਸ ਚੀਜ਼ ਬਾਰੇ ਫੈਸਲੇ ਕਿ ਕੀ ਕਲੇਮ ਦੁਬਾਰਾ ਖੋਲ੍ਹਿਆ ਜਾਣਾ ਚਾਹੀਦਾ ਹੈ (ਜੇ ਕਲੇਮ ਦੁਬਾਰਾ ਖੋਲ੍ਹਣ ਲਈ ਤੁਸੀਂ ਰਸਮੀ ਤਰੀਕੇ ਨਾਲ ਅਪਲਾਈ ਕੀਤਾ ਹੈ)।

## ਮੈਂ ਰਿਵੀਊ ਕਿਵੇਂ ਸ਼ੁਰੂ ਕਰਵਾਉਣਾ ਹੈ?

ਰਿਵੀਊ ਸ਼ੁਰੂ ਕਰਨ ਲਈ ਤੁਹਾਨੂੰ ਰਿਵੀਊ ਲਈ ਬੇਨਤੀ (ਰਿਕੁਐਸਟ ਫਾਰ ਰਿਵੀਊ) ਫਾਰਮ ਭਰਨਾ ਪਵੇਗਾ ਅਤੇ ਰਿਵੀਊ ਡਿਵੀਜ਼ਨ ਨੂੰ ਭੇਜਣਾ ਪਵੇਗਾ।

ਤੱਥਸ਼ੀਟ

# ਵਰਕਸੇਫ ਬੀ ਸੀ ਦੇ ਮੁਆਵਜ਼ੇ ਨਾਲ ਸੰਬੰਧਿਤ ਫੈਸਲਿਆਂ ਦੇ ਰਿਵੀਊ

ਰਿਵੀਊ ਲਈ ਬੇਨਤੀ ਫਾਰਮ, ਵਰਕਸੇਫ ਬੀ ਸੀ ਦੇ ਕਿਸੇ ਵੀ ਦਫਤਰ ਤੋਂ ਜਾਂ ਵਰਕਰਜ਼ ਅਡਵਾਈਜ਼ਰ ਦੇ ਕਿਸੇ ਵੀ ਦਫਤਰ ਤੋਂ ਲਿਆ ਜਾ ਸਕਦਾ ਹੈ। ਇਹ ਫਾਰਮ ਔਨਲਾਈਨ ਵਰਕਸੇਫ ਬੀ ਸੀ ਦੇ ਵੈੱਬਸਾਈਟ (www.worksafebc.com) ਜਾਂ ਸਾਡੇ ਵੈੱਬਸਾਈਟ (gov.bc.ca/workersadvisers) 'ਤੇ ਵੀ ਉਪਲਬਧ ਹੈ। ਤੁਸੀਂ ਫੈਸਲੇ ਦੇ ਰਿਵੀਊ ਦੀ ਔਨਲਾਈਨ ਵੀ ਬੇਨਤੀ ਕਰ ਸਕਦੇ ਹੋ: https://www.worksafebc.com/en/review-appeal/submit-request

ਜੇ ਤੁਸੀਂ ਫੈਸਲੇ ਦੀਆਂ ਇਕ ਨਾਲੋਂ ਜ਼ਿਆਦਾ ਚਿੱਠੀਆਂ ਦਾ ਰਿਵੀਊ ਕਰਨ ਲਈ ਕਹਿ ਰਹੇ ਹੋਵੋ ਤਾਂ ਤੁਹਾਨੂੰ ਫੈਸਲੇ ਦੀ ਹਰ ਉਸ ਚਿੱਠੀ ਲਈ ਵੱਖਰਾ ਰਿਵੀਊ ਲਈ ਬੇਨਤੀ ਫਾਰਮ ਭੇਜਣਾ ਪਵੇਗਾ ਜਿਸ ਦਾ ਤੁਸੀਂ ਰਿਵੀਊ ਡਿਵੀਜ਼ਨ ਤੋਂ ਰਿਵੀਊ ਕਰਵਾਉਣਾ ਚਾਹੁੰਦੇ ਹੋ।

ਤੁਹਾਡੇ ਲਈ ਜਾਂ ਤੁਹਾਡੇ ਨੁਮਾਇੰਦੇ ਲਈ ਰਿਵੀਊ ਲਈ ਬੇਨਤੀ ਫਾਰਮ 'ਤੇ ਦਸਖਤ ਕਰਨਾ ਜ਼ਰੂਰੀ ਹੈ। ਜੇ ਤੁਹਾਡਾ ਨੁਮਾਇੰਦਾ ਤੁਹਾਡੀ ਤਰਫੋਂ ਰਿਵੀਊ ਲਈ ਬੇਨਤੀ ਫਾਰਮ 'ਤੇ ਦਸਖਤ ਕਰਦਾ ਹੈ ਤਾਂ ਉਸ ਲਈ ਇਹ ਕਹਿੰਦੀ ਹੋਈ ਆਗਿਆ ਵੀ ਨਾਲ ਲਾਉਣੀ ਜ਼ਰੂਰੀ ਹੈ ਕਿ ਤੁਸੀਂ ਦਸਖਤ ਕੀਤੇ ਹਨ, ਜੇ ਤੁਹਾਡਾ ਨੁਮਾਇੰਦਾ ਵਰਕਰਜ਼ ਅਡਵਾਈਜ਼ਰ ਨਹੀਂ ਹੈ।

ਰਿਵੀਊ ਡਿਵੀਜ਼ਨ ਨੂੰ ਆਪਣਾ ਰਿਵੀਊ ਲਈ ਬੇਨਤੀ ਫਾਰਮ ਭੇਜਣ ਵੇਲੇ ਤੁਹਾਨੂੰ ਵਰਕਸੇਫ ਬੀ ਸੀ ਦੇ ਉਸ ਫੈਸਲੇ ਦੀ ਚਿੱਠੀ ਦੀ ਇਕ ਕਾਪੀ ਵੀ ਨਾਲ ਲਾਉਣੀ ਚਾਹੀਦੀ ਹੈ ਜਿਸ ਦਾ ਤੁਸੀਂ ਰਿਵੀਊ ਕਰਵਾਉਣਾ ਚਾਹੁੰਦੇ ਹੋ।

### ਰਿਵੀਊ ਲਈ ਬੇਨਤੀ ਕਰਨ ਲਈ ਅੰਤਿਮ ਤਾਰੀਕ ਕੀ ਹੈ?

ਤੁਹਾਡੇ ਲਈ ਵਰਕਸੇਫ ਬੀ ਸੀ ਦੇ ਉਸ ਫੈਸਲੇ ਦੀ ਤਾਰੀਕ ਤੋਂ ਬਾਅਦ **90 ਦਿਨਾਂ** ਦੇ ਵਿਚ ਵਿਚ ਰਿਵੀਊ ਡਿਵੀਜ਼ਨ ਕੋਲ ਰਿਵੀਊ ਲਈ ਬੇਨਤੀ ਫਾਰਮ ਦਰਜ ਕਰਵਾਉਣਾ ਜ਼ਰੂਰੀ ਹੈ ਜਿਸ ਫੈਸਲੇ ਨਾਲ ਤੁਸੀਂ ਅਸਹਿਮਤ ਹੋ।

ਸਾਡਾ ਦਫਤਰ ਇਹ ਸਲਾਹ ਦਿੰਦਾ ਹੈ ਕਿ ਤੁਸੀਂ ਫੌਰਨ ਆਪਣੇ ਕਲੇਮ ਦੀ ਫਾਇਲ ਦੀ ਕਾਪੀ ਮੰਗੋ (ਜਾਣਕਾਰੀ ਲੈਣ ਲਈ ਬੇਨਤੀ ਫਾਰਮ ਭੇਜ ਕੇ) ਪਰ ਤੁਹਾਨੂੰ ਆਪਣਾ ਰਿਵੀਊ ਲਈ ਬੇਨਤੀ ਫਾਰਮ 90 ਦਿਨਾਂ ਦੀ ਅੰਤਿਮ ਤਾਰੀਕ ਤੋਂ ਥੋੜ੍ਹਾ ਜਿਹਾ ਪਹਿਲਾਂ ਭੇਜਣ ਲਈ ਵਿਚਾਰ ਕਰਨਾ ਚਾਹੀਦਾ ਹੈ। ਇਸ ਨਾਲ ਤੁਹਾਨੂੰ ਜੇ ਲੋੜ ਹੋਵੇ ਤਾਂ ਹੋਰ ਸਬੂਤ ਦੇਣ ਅਤੇ ਰਿਵੀਊ ਲਈ ਤਿਆਰੀ ਕਰਨ ਲਈ ਕੁਝ ਵਾਧੂ ਸਮਾਂ ਮਿਲੇਗਾ। ਪਰ ਜੇ ਤੁਸੀਂ ਇਹ ਕਰਦੇ ਹੋ ਤਾਂ **ਇਹ ਪੱਕਾ ਕਰੋ ਕਿ ਤੁਸੀਂ ਅੰਤਿਮ ਤਾਰੀਕ ਨਾ ਖੁੰਝ ਜਾਵੋ।**

### ਮੈਂ ਆਪਣਾ ਰਿਵੀਊ ਲਈ ਬੇਨਤੀ ਫਾਰਮ ਕਿਵੇਂ ਭੇਜਣਾ ਹੈ?

ਤੁਸੀਂ ਰਿਵੀਊ ਲਈ ਬੇਨਤੀ ਔਨਲਾਈਨ ਦਰਜ ਕਰਵਾ ਸਕਦੇ ਹੋ ਜਾਂ ਰਿਵੀਊ ਲਈ ਬੇਨਤੀ ਫਾਰਮ ਰਿਵੀਊ ਡਿਵੀਜ਼ਨ ਨੂੰ ਡਾਕ ਰਾਹੀਂ ਭੇਜ ਸਕਦੇ ਹੋ ਜਾਂ ਫੈਕਸ (604-232-7747) ਕਰ ਸਕਦੇ ਹੋ।

Worker Adviser

**ਤੱਥਸ਼ੀਟ**

# ਵਰਕਸੇਫ ਬੀ ਸੀ ਦੇ ਮੁਆਵਜ਼ੇ ਨਾਲ ਸੰਬੰਧਿਤ ਫੈਸਲਿਆਂ ਦੇ ਰਿਵੀਊ

ਜਦੋਂ ਤੁਸੀਂ ਰਿਵੀਊ ਲਈ ਬੇਨਤੀ ਫਾਰਮ ਭੇਜੋਗੇ ਤਾਂ ਰਿਵੀਊ ਡਿਵੀਜ਼ਨ ਆਪਣੇ ਆਪ ਹੀ ਤੁਹਾਨੂੰ ਤੁਹਾਡੇ ਕਲੇਮ ਦੀ ਪੂਰੀ ਫਾਇਲ ਦੀ ਕਾਪੀ ਭੇਜ ਦੇਵੇਗਾ।

**ਜੇ ਮੇਰੀ ਬੇਨਤੀ ਲੇਟ ਹੋ ਜਾਵੇ ਤਾਂ ਕੀ ਹੋਵੇਗਾ?**

ਜੇ ਤੁਹਾਡਾ ਰਿਵੀਊ ਲਈ ਬੇਨਤੀ ਫਾਰਮ ਰਿਵੀਊ ਡਿਵੀਜ਼ਨ ਨੂੰ 90 ਦਿਨਾਂ ਦੀ ਅੰਤਿਮ ਤਾਰੀਕ ਦੇ ਵਿਚ ਵਿਚ ਨਹੀਂ ਮਿਲਦਾ ਤਾਂ ਤੁਹਾਡਾ ਰਿਵੀਊ ਸ਼ੁਰੂ ਨਹੀਂ ਹੋਵੇਗਾ। ਇਸ ਦੀ ਬਜਾਏ, ਤੁਹਾਨੂੰ ਸਮਾਂ ਵਧਾਉਣ ਲਈ ਲਿਖਤੀ ਬੇਨਤੀ ਕਰਨੀ ਪਵੇਗੀ।

ਇਸ ਚੀਜ਼ ਬਾਰੇ ਫੈਸਲੇ ਕਿ ਕੀ ਸਮਾਂ ਵਧਾਉਣਾ ਹੈ ਜਾਂ ਨਹੀਂ, ਚੀਫ ਰਿਵੀਊ ਅਫਸਰ ਵਲੋਂ ਕੀਤੇ ਜਾਂਦੇ ਹਨ। ਚੀਫ ਰਿਵੀਊ ਅਫਸਰ ਤੁਹਾਡੀ ਸਮਾਂ ਵਧਾਉਣ ਲਈ ਬੇਨਤੀ ਮੰਨਣ ਬਾਰੇ ਵਿਚਾਰ ਕਰੇਗਾ ਜੇ ਤੁਹਾਡਾ ਫਾਰਮ ਕਿਸੇ ਬਹੁਤ ਚੰਗੇ ਕਾਰਨ ਕਰਕੇ ਲੇਟ ਹੋਇਆ ਸੀ ਅਤੇ ਤੁਸੀਂ ਇਹ ਦਿਖਾ ਸਕਦੇ ਹੋਵੋ ਕਿ ਤੁਹਾਡੀ ਬੇਨਤੀ ਪ੍ਰਵਾਨ ਨਾ ਕਰਨਾ ਬੇਇਨਸਾਫੀ ਹੋਵੇਗੀ। ਤੁਹਾਨੂੰ ਲਿਖਤੀ ਰੂਪ ਵਿਚ ਇਹ ਦੱਸਣ ਦੀ ਲੋੜ ਪਵੇਗੀ ਕਿ ਤੁਹਾਡੀ ਬੇਨਤੀ ਲੇਟ ਕਿਉਂ ਹੋਈ ਸੀ ਅਤੇ ਫੈਸਲੇ ’ਤੇ ਦੁਬਾਰਾ ਵਿਚਾਰ ਨਾ ਕਰਨਾ ਨਾਵਾਜਬ ਹੋਵੇਗਾ। ਤੁਹਾਡੇ ਲਈ ਇਹ ਚਿੱਠੀ ਰਿਵੀਊ ਲਈ ਬੇਨਤੀ ਫਾਰਮ ਨਾਲ ਲਾਉਣਾ ਅਤੇ ਰਿਵੀਊ ਡਿਵੀਜ਼ਨ ਨੂੰ ਭੇਜਣਾ ਜ਼ਰੂਰੀ ਹੈ।

ਇਸ ਚੀਜ਼ ਦੀ ਕੋਈ ਗਰੰਟੀ ਨਹੀਂ ਹੈ ਕਿ ਤੁਹਾਡਾ ਸਮਾਂ ਵਧਾ ਦਿੱਤਾ ਜਾਵੇਗਾ, ਭਾਵੇਂ ਵਾਧੂ ਸਮੇਂ ਦੀ ਲੋੜ ਲਈ ਤੁਹਾਡੇ ਕੋਲ ਕੋਈ ਚੰਗਾ ਕਾਰਨ ਵੀ ਹੋਵੇ ਅਤੇ ਤੁਸੀਂ ਇਹ ਦਿਖਾ ਵੀ ਸਕਦੇ ਹੋਵੋ ਕਿ ਤੁਹਾਡੀ ਬੇਨਤੀ ਨੂੰ ਰੱਦ ਕਰਨਾ ਬੇਇਨਸਾਫੀ ਕਿਉਂ ਹੋਵੇਗਾ। ਚੀਫ ਰਿਵੀਊ ਅਫਸਰ ਅਜੇ ਵੀ ਸਮਾਂ ਵਧਾਉਣ ਦੀ ਤੁਹਾਡੀ ਅਰਜ਼ੀ ਨੂੰ ਨਾ ਮੰਨਣ ਦੀ ਆਪਣੀ ਮਰਜ਼ੀ ਦੀ ਵਰਤੋਂ ਕਰ ਸਕਦਾ ਹੈ। ਸਮਾਂ ਵਧਾਉਣ ਦੀ ਬੇਨਤੀ ਬਾਰੇ ਫੈਸਲੇ ਦੀ ਅਗਾਂਹ ਡਬਲਯੂ ਸੀ ਏ ਟੀ ਕੋਲ ਅਪੀਲ ਨਹੀਂ ਕੀਤੀ ਜਾ ਸਕਦੀ।

ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ *ਸਮਾਂ ਵਧਾਉਣ ਲਈ ਅਰਜ਼ੀਆਂ* ਨਾਂ ਦੀ ਤੱਥਸ਼ੀਟ ਦੇਖੋ।

**ਆਪਣਾ ਰਿਵੀਊ ਲਈ ਬੇਨਤੀ ਫਾਰਮ ਰਿਵੀਊ ਡਿਵੀਜ਼ਨ ਨੂੰ ਭੇਜਣ ਤੋਂ ਬਾਅਦ ਕੀ ਹੁੰਦਾ ਹੈ?**

ਜਦੋਂ ਤੁਸੀਂ ਰਿਵੀਊ ਲਈ ਬੇਨਤੀ ਫਾਰਮ ਭੇਜਦੇ ਹੋ ਤਾਂ ਰਿਵੀਊ ਡਿਵੀਜ਼ਨ ਇਕ ਹੋਰ ਅੰਤਿਮ ਤਾਰੀਕ ਤਹਿ ਕਰੇਗਾ। ਇਹ ਤੁਹਾਡੀ ਸਬੂਤ ਦੇਣ ਦੀ ਅੰਤਿਮ ਤਾਰੀਕ ਹੈ। ਰਿਵੀਊ ਡਿਵੀਜ਼ਨ ਤੁਹਾਨੂੰ ਦਰਜ ਕਰਵਾਉਣ ਦੀ ਅੰਤਿਮ ਤਾਰੀਕ ਤੱਕ ਕੋਈ ਹੋਰ ਸਬੂਤ ਭੇਜਣ ਲਈ ਕਹੇਗਾ ਜਿਹੜੇ ਤੁਸੀਂ ਆਪਣੇ ਕੇਸ ਦੇ ਹੱਕ ਵਿਚ ਇਕੱਤਰ ਕਰ ਸਕੇ ਹੋਵੋਗੇ। ਸਬੂਤ ਦਰਜ ਕਰਵਾਉਣ ਦੀ ਅੰਤਿਮ ਤਾਰੀਕ ਉਸ ਤਾਰੀਕ ਤੋਂ ਬਾਅਦ 34 ਦਿਨ ਹੁੰਦੀ ਹੈ ਜਿਸ ਤਾਰੀਕ ਨੂੰ ਰਿਵੀਊ ਡਿਵੀਜ਼ਨ ਨੂੰ ਤੁਹਾਡਾ ਰਿਵੀਊ ਲਈ ਬੇਨਤੀ ਫਾਰਮ ਮਿਲਦਾ ਹੈ।

# ਵਰਕਸੇਫ ਬੀ ਸੀ ਦੇ ਮੁਆਵਜ਼ੇ ਨਾਲ ਸੰਬੰਧਿਤ ਫੈਸਲਿਆਂ ਦੇ ਰਿਵੀਊ

ਸਬੂਤ ਦੇਣ ਦੀ ਅੰਤਿਮ ਤਾਰੀਕ ਸ਼ਾਇਦ ਤੁਹਾਨੂੰ ਉਹ ਸਬੂਤ ਹਾਸਲ ਕਰਨ ਲਈ ਕਾਫੀ ਸਮਾਂ ਨਾ ਦੇਵੇ ਜਿਸ ਦੀ ਤੁਹਾਨੂੰ ਲੋੜ ਹੈ। ਜੇ ਤੁਹਾਨੂੰ ਹੋਰ ਸਮੇਂ ਦੀ ਲੋੜ ਹੋਵੇ ਤਾਂ ਤੁਸੀਂ ਰਿਵੀਊ ਡਿਵੀਜ਼ਨ ਨੂੰ ਫੋਨ ਕਰ ਸਕਦੇ ਹੋ ਅਤੇ ਉਨ੍ਹਾਂ ਨੂੰ ਆਪਣੇ ਸਬੂਤ ਦਰਜ ਕਰਵਾਉਣ ਦੀ ਅੰਤਿਮ ਤਾਰੀਕ ਵਧਾਉਣ ਲਈ ਕਹਿ ਸਕਦੇ ਹੋ।

## ਰਿਵੀਊ ਕਿਵੇਂ ਕੀਤੇ ਜਾਂਦੇ ਹਨ?

ਤਕਰੀਬਨ ਸਾਰੇ ਕੇਸਾਂ ਵਿਚ, ਰਿਵੀਊ ਦਾ ਫੈਸਲਾ "ਪੜ੍ਹਨਾ ਅਤੇ ਵਿਚਾਰਨਾ" ਦੇ ਢੰਗ ਰਾਹੀਂ ਕੀਤਾ ਜਾਵੇਗਾ। ਇਹ ਇਕ ਲਿਖਤੀ ਕਾਰਵਾਈ ਹੈ। ਇਸ ਦਾ ਮਤਲਬ ਹੈ ਕਿ ਰਿਵੀਊ ਅਫਸਰ ਤੁਹਾਡੀ ਫਾਇਲ ਪੜ੍ਹੇਗਾ ਅਤੇ ਰਸਮੀ ਸੁਣਵਾਈ ਕੀਤੇ ਬਿਨਾਂ ਤੁਹਾਡੇ ਰਿਵੀਊ 'ਤੇ ਫੈਸਲਾ ਦੇਵੇਗਾ।

ਤੁਸੀਂ ਰਿਵੀਊ ਅਫਸਰ ਨੂੰ ਚਿੱਠੀ ਲਿਖ ਸਕਦੇ ਹੋ ਅਤੇ ਆਪਣਾ ਪੱਖ ਦੱਸ ਸਕਦੇ ਹੋ। ਤੁਸੀਂ ਇਸ ਚਿੱਠੀ ਵਿਚ ਇਹ ਦੱਸ ਸਕਦੇ ਹੋ ਕਿ ਤੁਹਾਡੇ ਖਿਆਲ ਮੁਤਾਬਕ ਤੁਹਾਨੂੰ ਉਹ ਬੈਨੇਫਿਟਸ (ਫਾਇਦੇ) ਕਿਉਂ ਮਿਲਣੇ ਚਾਹੀਦੇ ਹਨ ਜਿਹੜੇ ਤੁਸੀਂ ਚਾਹੁੰਦੇ ਹੋ। ਇਸ ਨੂੰ ਰਿਟਨ ਸਬਮਿਸ਼ਨ (ਲਿਖਤੀ ਬਿਆਨ) ਆਖਿਆ ਜਾਂਦਾ ਹੈ। ਤੁਸੀਂ ਆਪਣੇ ਕੇਸ ਦੇ ਹੱਕ ਵਿਚ ਰਿਵੀਊ ਅਫਸਰ ਨੂੰ ਹੋਰ ਲਿਖਤੀ ਜਾਣਕਾਰੀ ਅਤੇ ਸਬੂਤ ਵੀ ਭੇਜ ਸਕਦੇ ਹੋ।

ਕੁਝ ਕੇਸਾਂ ਵਿਚ, ਹੋਰ ਜਾਣਕਾਰੀ ਲੈਣ ਲਈ ਜਾਂ ਤੁਹਾਡੇ ਨਾਲ ਗੈਰ-ਰਸਮੀ ਮੀਟਿੰਗ ਕਰਨ ਲਈ ਰਿਵੀਊ ਅਫਸਰ ਤੁਹਾਡੇ ਨਾਲ ਟੈਲੀਫੋਨ 'ਤੇ ਸੰਪਰਕ ਵੀ ਕਰ ਸਕਦਾ ਹੈ।

ਰਿਵੀਊ ਡਿਵੀਜ਼ਨ ਨੂੰ ਆਪਣਾ ਲਿਖਤੀ ਬਿਆਨ ਅਤੇ ਨਵੇਂ ਸਬੂਤ ਦੇਣ ਤੋਂ ਬਾਅਦ ਕੀ ਹੁੰਦਾ ਹੈ, ਇਹ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਕੀ ਤੁਹਾਡਾ ਕੰਮ-ਮਾਲਕ ਰਿਵੀਊ ਵਿਚ ਹਿੱਸਾ ਲੈ ਰਿਹਾ ਹੈ ਜਾਂ ਨਹੀਂ। ਜੇ ਤੁਹਾਡਾ ਕੰਮ-ਮਾਲਕ ਹਿੱਸਾ ਨਾ ਲੈ ਰਿਹਾ ਹੋਵੇ ਤਾਂ ਫਿਰ ਰਿਵੀਊ ਨੂੰ ਰਿਵੀਊ ਅਫਸਰ ਕੋਲ ਭੇਜਿਆ ਜਾਵੇਗਾ ਜੋ ਕਿ ਤੁਹਾਡੇ ਕੇਸ ਵਿਚ ਫੈਸਲਾ ਕਰੇਗਾ।

ਜੇ ਤੁਹਾਡਾ ਕੰਮ-ਮਾਲਕ ਹਿੱਸਾ ਲੈ ਰਿਹਾ ਹੋਵੇ ਤਾਂ ਰਿਵੀਊ ਡਿਵੀਜ਼ਨ ਤੁਹਾਡੇ ਲਿਖਤੀ ਬਿਆਨ ਅਤੇ ਸਬੂਤ ਦੀ ਇਕ ਕਾਪੀ ਕੰਮ-ਮਾਲਕ ਨੂੰ ਭੇਜੇਗਾ ਅਤੇ ਉਸ ਨੂੰ ਜਵਾਬ ਦੇਣ ਦਾ ਸੱਦਾ ਦੇਵੇਗਾ। ਆਮ ਤੌਰ 'ਤੇ ਕੰਮ-ਮਾਲਕ ਕੋਲ ਵੀ ਜਵਾਬ ਦੇਣ ਲਈ 34 ਦਿਨ ਹੁੰਦੇ ਹਨ। ਰਿਵੀਊ ਡਿਵੀਜ਼ਨ ਤੁਹਾਨੂੰ ਕੰਮ-ਮਾਲਕ ਦੇ ਜਵਾਬ ਦੀ ਇਕ ਕਾਪੀ ਭੇਜੇਗਾ ਅਤੇ ਤੁਸੀਂ ਆਪਣੀਆਂ ਆਖਰੀ ਟਿੱਪਣੀਆਂ 14 ਦਿਨਾਂ ਦੇ ਵਿਚ ਵਿਚ ਕਰ ਸਕਦੇ ਹੋ। ਫਿਰ, ਰਿਵੀਊ ਨੂੰ ਰਿਵੀਊ ਅਫਸਰ ਕੋਲ ਭੇਜ ਦਿੱਤਾ ਜਾਵੇਗਾ ਜੋ ਕਿ ਤੁਹਾਡੇ ਕੇਸ ਬਾਰੇ ਫੈਸਲਾ ਕਰੇਗਾ।

# ਵਰਕਸੇਫ ਬੀ ਸੀ ਦੇ ਮੁਆਵਜ਼ੇ ਨਾਲ ਸੰਬੰਧਿਤ ਫੈਸਲਿਆਂ ਦੇ ਰਿਵੀਊ

## ਮੈਨੂੰ ਫੈਸਲੇ ਲਈ ਕਿੰਨਾ ਸਮਾਂ ਉਡੀਕ ਕਰਨੀ ਪਵੇਗੀ?

ਰਿਵੀਊ ਡਿਵੀਜ਼ਨ ਨੂੰ ਤੁਹਾਡਾ ਰਿਵੀਊ ਲਈ ਬੇਨਤੀ ਫਾਰਮ ਮਿਲ ਜਾਣ ਤੋਂ ਬਾਅਦ, ਰਿਵੀਊ ਅਫਸਰ ਲਈ 150 ਦਿਨਾਂ ਦੇ ਵਿਚ ਵਿਚ ਫੈਸਲਾ ਕਰਨਾ ਜ਼ਰੂਰੀ ਹੈ। ਰਿਵੀਊ ਅਫਸਰ ਤੁਹਾਨੂੰ ਫੈਸਲੇ ਦੀ ਚਿੱਠੀ ਡਾਕ ਰਾਹੀਂ ਭੇਜੇਗਾ। ਜੇ ਰਿਵੀਊ ਅਫਸਰ ਨੂੰ ਫੈਸਲਾ ਕਰਨ ਲਈ ਹੋਰ ਸਮੇਂ ਦੀ ਲੋੜ ਹੋਵੇ ਤਾਂ ਰਿਵੀਊ ਅਫਸਰ ਸਮੇਂ ਦੀ ਹੱਦ ਵਧਾਉਣ ਲਈ ਚੀਫ ਰਿਵੀਊ ਅਫਸਰ ਨੂੰ ਕਹਿ ਸਕਦਾ ਹੈ। ਚੀਫ ਰਿਵੀਊ ਅਫਸਰ ਸਿਰਫ ਤਾਂ ਹੀ ਸਹਿਮਤ ਹੋਵੇਗਾ ਜੇ ਤੁਹਾਡਾ ਕੇਸ ਗੁੰਝਲਦਾਰ ਹੋਵੇ।

## ਰਿਵੀਊ ਡਿਵੀਜ਼ਨ ਤੋਂ ਆਪਣਾ ਫੈਸਲਾ ਮਿਲ ਜਾਣ ਤੋਂ ਬਾਅਦ ਕੀ ਹੁੰਦਾ ਹੈ?

1) *ਮੰਨਣਾ*

ਰਿਵੀਊ ਅਫਸਰ ਵਰਕਸੇਫ ਬੀ ਦੇ ਫੈਸਲੇ ਨੂੰ ਪਲਟ ਕੇ ਜਾਂ ਇਸ ਨੂੰ ਕੈਂਸਲ ਕਰਕੇ ਤੁਹਾਡੇ ਰਿਵੀਊ ਨੂੰ ਪ੍ਰਵਾਨ ਕਰ ਸਕਦਾ ਹੈ।

ਰਿਵੀਊ ਅਫਸਰ ਤੁਹਾਡੇ ਰਿਵੀਊ ਦਾ ਸਿਰਫ ਕੁਝ ਹਿੱਸਾ ਮੰਨ ਸਕਦਾ ਹੈ। ਜੇ ਅਜਿਹਾ ਹੋਵੇ ਤਾਂ ਤੁਸੀਂ ਉਨ੍ਹਾਂ ਮਾਮਲਿਆਂ ਬਾਰੇ ਡਬਲਯੂ ਸੀ ਏ ਟੀ ਕੋਲ ਅਪੀਲ ਕਰ ਸਕਦੇ ਹੋ ਜਿਨ੍ਹਾਂ ਵਿਚ ਤੁਸੀਂ ਕਾਮਯਾਬ ਨਹੀਂ ਹੋਏ, ਜੇ ਮਾਮਲਾ ਅਜਿਹਾ ਹੈ ਜਿਸ ਬਾਰੇ ਵਿਚਾਰ ਕਰਨ ਦਾ ਡਬਲਯੂ ਸੀ ਏ ਟੀ ਕੋਲ ਅਧਿਕਾਰ ਹੈ। ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ *ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ ਨੂੰ ਅਪੀਲਾਂ* ਨਾਂ ਦੀ ਤੱਥਸ਼ੀਟ ਦੇਖੋ।

2) *ਵਰਕਸੇਫ ਬੀ ਸੀ ਨੂੰ ਰੈਫਰ ਬੈਕ ਕਰਨਾ/ਵਾਪਸ ਭੇਜਣਾ*

ਕਦੇ ਕਦੇ ਰਿਵੀਊ ਅਫਸਰ ਇਹ ਨਿਰਨਾ ਕਰ ਸਕਦਾ ਹੈ ਕਿ ਮਾਮਲੇ ਬਾਰੇ ਫੈਸਲਾ ਕੀਤੇ ਜਾਣ ਤੋਂ ਪਹਿਲਾਂ ਹੋਰ ਪੜਤਾਲ ਦੀ ਲੋੜ ਹੈ। ਜੇ ਅਜਿਹਾ ਹੋਵੇ ਤਾਂ ਉਹ ਮਾਮਲਾ ਹੋਰ ਪੜਤਾਲ ਅਤੇ ਨਵੇਂ ਫੈਸਲੇ ਲਈ ਵਰਕਸੇਫ ਬੀ ਸੀ ਨੂੰ ਵਾਪਸ ਭੇਜ ਸਕਦਾ ਹੈ। ਰਿਵੀਊ ਅਫਸਰ ਕੀਤੀ ਜਾਣ ਵਾਲੀ ਹੋਰ ਪੜਤਾਲ, ਜਾਂ ਵਿਚਾਰੇ ਜਾਣ ਵਾਲੇ ਹੋਰ ਪੱਖਾਂ ਦੇ ਸੰਬੰਧ ਵਿਚ ਵਰਕਸੇਫ ਬੀ ਸੀ ਨੂੰ ਸੇਧਾਂ ਦੇ ਸਕਦਾ ਹੈ। ਵਰਕਸੇਫ ਬੀ ਸੀ ਨੂੰ ਵਾਪਸ ਭੇਜੀਆਂ ਗਈਆਂ ਰੈਫਰਲਾਂ ਦੀ ਡਬਲਯੂ ਸੀ ਏ ਟੀ ਕੋਲ ਅਪੀਲ ਨਹੀਂ ਕੀਤੀ ਜਾ ਸਕਦੀ, ਪਰ ਰੈਫਰਲ ਬੈਕ ਨਾਲ ਦਿੱਤੀਆਂ ਗਈਆਂ ਸੇਧਾਂ ਬਾਰੇ ਅਪੀਲ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਹੀ, ਰੈਫਰਲ ਬੈਕ ਤੋਂ ਬਾਅਦ ਵਰਕਸੇਫ ਬੀ ਸੀ ਵਲੋਂ ਕੀਤੇ ਗਏ ਨਵੇਂ ਫੈਸਲਿਆਂ ’ਤੇ ਉਹੀ ਰਿਵੀਊ ਅਤੇ ਅਪੀਲ ਕਾਰਵਾਈਆਂ ਲਾਗੂ ਹੁੰਦੀਆਂ ਹਨ ਜਿਹੜੀਆਂ ਵਰਕਸੇਫ ਬੀ ਸੀ ਦੇ ਕਿਸੇ ਵੀ ਹੋਰ ਫੈਸਲੇ ’ਤੇ ਲਾਗੂ ਹੁੰਦੀਆਂ ਹਨ।

3) *ਨਾਂਹ ਕਰਨਾ/ਘਟਾਉਣਾ*

ਜੇ ਰਿਵੀਊ ਅਫਸਰ ਤੁਹਾਡੇ ਨਾਲ ਸਹਿਮਤ ਨਹੀਂ ਹੁੰਦਾ ਤਾਂ ਉਹ ਤੁਹਾਡੇ ਰਿਵੀਊ ਨੂੰ ਨਾਂਹ ਕਰ ਦੇਵੇਗਾ ਅਤੇ ਵਰਕਸੇਫ ਬੀ ਸੀ ਦੇ ਫੈਸਲੇ ਦੀ ਤਸਦੀਕ ਕਰੇਗਾ।

# ਵਰਕਸੇਫ ਬੀ ਸੀ ਦੇ ਮੁਆਵਜ਼ੇ ਨਾਲ ਸੰਬੰਧਿਤ ਫੈਸਲਿਆਂ ਦੇ ਰਿਵੀਊ

ਇਸ ਦੇ ਨਾਲ ਹੀ, ਰਿਵੀਊ ਅਫਸਰ ਅਜਿਹਾ ਫੈਸਲਾ ਵੀ ਕਰ ਸਕਦਾ ਹੈ ਜਿਹੜਾ ਰਿਵੀਊ ਹੇਠਲੇ ਬੈਨੇਫਿਟ ਨੂੰ ਘਟਾ ਦੇਵੇ। ਇਸ ਕਰਕੇ ਰਿਵੀਊ ਲਈ ਬੇਨਤੀ ਕਰਨ ਵੇਲੇ ਤੁਹਾਨੂੰ ਸਾਵਧਾਨ ਹੋਣ ਦੀ ਲੋੜ ਹੈ, ਖਾਸ ਕਰਕੇ ਉੱਥੇ ਜਿੱਥੇ ਤੁਹਾਡੇ ਕੁਝ ਹਾਸਲ ਕਰਨ ਦੀ ਥਾਂ ਗਵਾਉਣ ਦੀ ਜ਼ਿਆਦਾ ਸੰਭਾਵਨਾ ਹੋਵੇ।

ਬਹੁਤੇ ਕੇਸਾਂ ਵਿਚ, ਜੇ ਰਿਵੀਊ ਅਫਸਰ ਤੁਹਾਡੇ ਹੱਕ ਵਿਚ ਫੈਸਲਾ ਨਹੀਂ ਕਰਦਾ ਤਾਂ ਤੁਸੀਂ ਡਬਲਯੂ ਸੀ ਏ ਟੀ ਕੋਲ ਅਪੀਲ ਕਰ ਸਕਦੇ ਹੋ। ***ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਡਬਲਯੂ ਸੀ ਏ ਟੀ ਕੋਲ ਅਪੀਲ ਸ਼ੁਰੂ ਕਰਨ ਲਈ ਤੁਹਾਡੇ ਕੋਲ ਸਿਰਫ 30 ਦਿਨ ਹੋਣਗੇ।***

ਡਬਲਯੂ ਸੀ ਏ ਟੀ ਕੋਲ ਅਪੀਲਾਂ ਬਾਰੇ ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ *ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ ਨੂੰ ਅਪੀਲਾਂ* ਨਾਂ ਦੀ ਤੱਥਸ਼ੀਟ ਦੇਖੋ।

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਨੇੜੇ ਦੇ ਵਰਕਰਜ਼ ਅਡਵਾਈਜ਼ਰਜ਼ ਆਫਿਸ ਨਾਲ ਸੰਪਰਕ ਕਰੋ।